# ਕੋਟਿ ਮਧੇ ਕੋ ਵਿਰਲਾ ਸੇਵਕੁ

ਗੂਜਰੀ ਮਹਲਾ ੫ ਚਉਪਦੇ ਘਰੁ ੨

ੴ ਸਤਿ ਗੁਰ ਪ੍ਰਸਾਦਿ ॥

**ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥**
**ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥੧॥**

ਇਹ ਸ਼ਬਦ ਪੰਚਮ ਪਾਤਸ਼ਾਹ ਨੇ ਗੂਜਰੀ ਰਾਗ ਵਿਚ ਉਚਾਰਣ ਕੀਤਾ ਹੈ ਅਤੇ ੪੯੫ ਅੰਕ ਤੇ ਸੁਭਾਇਮਾਨ ਹੈ। ਇਸ ਦੇ ਚਾਰ ਪਦੇ ਹਨ ਅਤੇ ਇਸ ਦਾ ਗਾਇਨ ਦੂਜੇ ਘਰ ਵਿਚ ਕਰਨ ਦੀ ਹਦਾਇਤ ਹੈ।

ਸ਼ਬਦ ਸ਼ੁਰੂ ਕਰਨ ਤੋਂ ਪਹਿਲਾਂ ਮਹਾਰਾਜ ਨੇ ਅਕਾਲ ਪੁਰਖ ਦਾ ਮੰਗਲ, ਮੂਲ ਮੰਤਰ ਦੇ ਛੋਟੇ/ਸੰਖਿਪਤ ਸਰੂਪ ਨਾਲ ਕੀਤਾ ਹੈ।

-- ਸਾਰੇ ਹੀ ਧਰਮ ਸ਼ਾਸਤਰਾਂ, ਗ੍ਰੰਥਾਂ ਆਦਿ ਦੇ ਦਸੇ ਧਰਮਾਂ ਅਨੁਸਾਰ ਕਰਮ ਅਤੇ ਤਰ੍ਹਾਂ ਤਰ੍ਹਾਂ ਦੇ ਨੇਮ ਕਰਕੇ ਵੇਖ ਲਿਆ ਹੈ, ਜਿਵੇਂ ਮੁਸਲਮਾਣ ਲਈ ਕਲਮਾ, ਪੰਜ ਵਕਤ ਦੀ ਨਮਾਜ਼, ਰੋਜ਼ੇ, ਜ਼ਕਾਤ, ਹੱਜ ਆਦਿ, ਹਿੰਦੂ ਲਈ ਮੂਰਤੀ ਪੂਜਾ, ਵਰਤ, ਤੇ ਹੋਰ ਅਨੇਕਾਂ ਤਰ੍ਹਾਂ ਦੇ ਧਰਮ ਕਰਮ, ਸਿਖ ਲਈ ਦੋ ਵਕਤ ਗੁਰਦੁਆਰੇ ਮੱਥਾ ਟੇਕਣਾ, ਪੰਜਾਂ ਬਾਣੀਆਂ ਦਾ ਅਤੇ ਹੋਰ ਪਾਠ ਕਰਨਾ, ਆਦਿ ਆਦਿ। ਇਸ ਸਭ ਨੂੰ ਗੁਰੂ ਸਾਹਿਬ ਨੇ ਕਿਰਿਆਚਾਰ ਕਿਹਾ ਹੈ। ਇਹ ਸਭ ਸੰਸਾਰਿਕਤਾ ਹੀ ਹੈ ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਧਰਮ ਵੇਦ ਆਦਿਕ ਧਰਮ ਗ੍ਰੰਥਾਂ ਦਾ ਪਾਠ ਸੰਸਾਰਿਕਤਾ ਹਨ, ਇਨ੍ਹਾਂ ਨੂੰ ਪੜ੍ਹ ਪੜ੍ਹ ਕੇ, ਭਾਵੇਂ ਵੀਚਾਰਾਂ ਆਦਿ ਕਰ ਕਰ ਕੇ, ਪੁਜਾਰੀ ਵਰਗ ਖੁਆਰ ਹੋ ਰਹੇ ਹਨ ਪਰ ਪ੍ਰਭੂ ਨੂੰ ਜਾਣੇ ਬਿਨਾਂ ਸਭ ਖੁਆਰ ਹੋ ਰਹੇ ਹਨ - 'ਬੇਦ ਪਾਠ ਸੰਸਾਰ ਕੀ ਕਾਰ॥ ਪੜਿ ਪੜਿ ਪੰਡਿਤ ਕਰਹਿ ਬੀਚਾਰ॥ ਬਿਨੁ ਬੂਝੇ ਸਭ ਹੋਇ ਖੁਆਰ॥', ਪੰਨਾ ੭੯੧. ਹੋਰ ਸਪੱਸ਼ਟ ਕਰਦੇ ਹਨ ਕਿ ਪ੍ਰਭੂ ਦੇ ਭੇਦ ਦਾ ਬੁਝਣਾ ਧਰਮ ਗ੍ਰੰਥਾਂ ਨੂੰ ਪੜਨ ਅਤੇ ਵਖਿਆਣ ਕਰਨ ਨਾਲ ਨਹੀਂ ਸਗੋਂ ਨਾਮ ਜਪਣ ਨਾਲ ਹੁੰਦੀ ਹੈ - 'ਵੇਦ ਕਰਹਿ ਵਖਿਆਣ ਅੰਤੁ ਨ ਪਾਵਣਾ॥ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥..ਮੰਨੇ ਨਾਉ ਬਿਸੰਖ ਦਰਗਹ ਪਾਵਣਾ॥', ਅੰਕ ੧੪੮. ਪੰਚਮ ਪਾਤਸ਼ਾਹ ਵੀ ਬਚਨ ਕਰਦੇ ਹਨ ਕਿ ਵੇਦ ਆਦਿਕ ਸਭ ਧਰਮ ਗ੍ਰੰਥਾਂ ਦੇ ਪਾਠ ਕਰ ਕੇ ਵੀ ਮਨ ਦੇ ਭੇਦ ਨਹੀਂ ਮੁਕਦੇ, ਮੇਰੇ ਅੰਦਰ ਪਏ ਪੰਜ ਵਿਕਾਰ ਸ਼ਾਂਤ ਨਹੀਂ ਹੁੰਦੇ। ਕੋਈ ਭਗਤ ਪਿਆਰਾ ਮਿਲ ਪਵੇ ਜੋ ਮਾਇਆ ਦੇ ਪ੍ਰਭਾਵ ਤੋਂ ਪਰ੍ਹਾਂ ਹੋਵੇ ਅਤੇ ਉਹ ਮੇਰੇ ਅੰਦਰ ਅੰਮ੍ਰਿਤਮਈ ਨਾਮ ਸਿਮਰਨ ਦਾ ਪ੍ਰਵਾਹ ਚਲਾ ਦਏ ਤਾਂ ਹੀ ਇਹ ਕੰਮ ਹੋ ਸਕਦਾ ਹੈ - 'ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ॥ ਕੋਈ ਐਸੋ ਰੇ ਭਗਤੁ ਜੁ ਮਾਇਆ ਤ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ॥' ਅੰਕ ੬੮੭.

ਇਸਲਾਮ ਵਿਚ, ਇਸ ਕਿਰਿਆਚਾਰ ਨੂੰ ਸ਼ਰ੍ਹਾ ਕਹਿੰਦੇ ਹਨ। ਸ਼ਰ੍ਹਾ ਮੁਤਾਬਕ ਕਲਮਾ, ਨਮਾਜ਼ ਆਦਿ ਪੰਜ ਕੰਮ ਰੋਜ਼ ਦੇ ਜ਼ਰੂਰੀ ਹੁੰਦੇ ਹਨ ਪਰ ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਨਿਰਾ ਸ਼ਰੀਅਤ ਤੇ ਹੀ ਚਲਣ ਵਾਲਾ, ਪ੍ਰਭੂ ਦਾ ਭੇਦ ਜਾਣੇ ਬਿਨਾਂ ਕਿਸੇ ਕੰਮ ਦਾ ਨਹੀਂ - 'ਸਰੈ ਸਰੀਅਤਿ ਕਰਹਿ ਬੀਚਾਰੁ।। ਬਿਨੁ ਬੂਝੇ ਕੈਸੇ ਪਾਵਹਿ ਪਾਰੁ।।', ਪੰਨਾ ੮੪.

-- ਇਨ੍ਹਾਂ ਸਾਰੇ ਕੰਮਾਂ ਨਾਲ ਅੰਦਰ ਦੀ ਹਉਮੈਂ ਦੀ ਮੈਲ ਨਹੀਂ ਜਾਂਦੀ। ਬਿਨਾਂ ਗੁਰੂ ਧਾਰਣ ਕੀਤੇ ਅਤੇ ਭਾਈ ਲਹਿਣਾ ਜੀ ਵਾਂਗ ਹੀ ਉਸ ਦੇ ਹੁਕਮ ਅਨੁਸਾਰੀ ਹੋਏ, ਮਨੁਖ, ਇਸ ਮਨੁਖਾ ਜਨਮ ਦੀ ਬਾਜ਼ੀ ਹਾਰ ਕੇ ਹੀ, ਜਾਂਦਾ ਹੈ। ਸੁਖਮਨੀ ਸਾਹਿਬ ਦੀ ਤੀਜੀ ਅਸਟਪਦੀ ਵਿਚ, ਕਈ ਅਜਿਹੇ ਕਰਮਾਂ ਦੇ ਕਰਣ ਵਾਲੇ ਲਈ ਫ਼ੁਰਮਾਣ ਕੀਤਾ ਹੈ ਕਿ ਅਜਿਹੇ ਕਰਮਾਂ ਨਾਲ ਇਸ ਸਰੀਰ ਤੋਂ ਮੈਲ ਉਤਾਰਣ ਨਾਲ, ਮਨ ਦੀ ਮੈਲ ਦੂਰ ਨਹੀਂ ਹੁੰਦੀ – 'ਸੋਚ ਕਰੈ ਦਿਨਸੁ ਅਰੁ ਰਾਤਿ।। ਮਨ ਕੀ ਮੈਲੁ ਨ ਤਨ ਤੇ ਜਾਤਿ।।'

**ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥**
**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥ ਰਹਾਉ ॥**

-- ਹੇ ਮੇਰੇ ਪੂਜਯ ਗੁਰੂ/ਪ੍ਰਭੂ, ਮਾਲਕ ! ਕਿਰਪਾ ਕਰ ਕੇ ਮੈਨੂੰ ਸੰਸਾਰ ਦੇ ਆਵਾਗਮਨ ਤੋਂ ਰਖ ਲਵੋ, ਬਚਾਅ ਲਵੋ।

-- ਕਿਉਂਕਿ ਇਸ ਸੰਸਾਰ ਵਿਚ ਗੁਰੂ ਦਾ ਅਸਲ ਸੇਵਕ ਤਾਂ ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਹੁੰਦਾ ਹੈ, ਬਾਕੀ ਤਾਂ ਸਭ ਵਪਾਰੀ ਹੀ ਹੁੰਦੇ ਹਨ।੧।ਰਹਾਉ।

ਬੇਨਤੀ ਕੀਤੀ ਗਈ ਹੈ ਕਿ ਹੇ ਨਾਥ ! ਮੈਨੂੰ ਅਸਲ ਸੇਵਕ ਬਣਾ ਲਉ। ਸੰਸਾਰ ਦੇ ਲੋਕ, ਰਤੀ ਕੁ ਸੇਵਾ, ਸਿਮਰਨ, ਧਰਮ ਕਰਮ, ਕਿਰਿਆਚਾਰ ਕਰ ਕੇ ਹੀ ਸਭ ਕੁਝ ਲੈ ਲੈਣਾ ਲੋਚਦੇ ਹਨ। ਜਿਵੇਂ, ੭੩੯ ਪੰਨੇ ਤੇ, ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਰਤੀ ਭਰ ਸੇਵਾ, ਸਿਮਰਨ ਕਰਕੇ ਮਨੁਖ ਜ਼ਿਆਦਾ ਮੰਗਦਾ ਹੈ, ਇੰਞ ਉਹ ਵਾਹਿਗੁਰੂ ਦੇ ਦਰਬਾਰ ਵਿਚ ਪੁਜ ਤਾਂ ਸਕਦਾ ਨਹੀਂ, ਪਰ ਜਤਲਾਂਦਾ ਇਹ ਹੈ ਕਿ ਉਸ ਨੇ ਸਭ ਕੁਝ ਪ੍ਰਾਪਤ ਕਰਨ ਦੇ ਯੋਗ ਹੋ ਗਿਆ ਹੈ – 'ਸੇਵਾ ਥੋਰੀ ਮਾਗਨੁ ਬਹੁਤਾ।। ਮਹਲੁ ਨ ਪਾਵੈ ਕਹਤੋ ਪਹੁਤਾ।।' ਧਾਰਮਕ ਕਰਮ ਵੀ, ਲਾਲਚ ਤਹਿਤ ਕਰਣ ਵਾਲੇ ਤਾਂ ਬਹੁਤ ਹਨ ਪਰ ਪ੍ਰੇਮ ਖ਼ਾਤਰ ਪ੍ਰੇਮ ਕਰਣ ਵਾਲੇ ਅਤੇ ਬਿਨਾਂ ਮੰਗ ਦੇ ਸੇਵਾ ਕਰਣ ਵਾਲੇ ਵਿਰਲੇ ਹੀ ਹੁੰਦੇ ਹਨ ਜੋ ਸਿਰਫ਼ ਆਪਣੀ ਆਤਮਾ ਦੇ ਚਾਅ ਖਾਤਰ ਭਗਤੀ ਅਤੇ ਸੇਵਾ ਕਰਦੇ ਹਨ, ਜਿਵੇਂ ਬਾਬਾ ਅਮਰਦਾਸ ਸਾਹਿਬ ਨੇ ਸ੍ਰੀ ਗੁਰੂ ਅੰਗਦ ਸਾਹਿਬ ਦੀ ਕੀਤੀ। ਇਸ ਬਾਬਤ ਸੁਖਮਨੀ ਸਾਹਿਬ ਵਿਚ ਫ਼ੁਰਮਾਣ ਹੈ – 'ਕਰਹਿ ਭਗਤਿ ਆਤਮ ਕੈ ਚਾਇ।। ਪ੍ਰਭ ਅਪਨੇ ਸਿਉ ਰਹਹਿ ਸਮਾਇ।।' ਅੰਗ੍ਰਜ਼ੀ ਵਿਚ ਇਸ ਨੂੰ Love for the sake of Love ਕਹਿੰਦੇ ਹਨ। ਨਹੀਂ ਤਾਂ ਆਮ ਮਨੁਖ ਤਾਂ ਬਾਣੀ ਪੜ੍ਹਣੀ ਜਾਂ ਹੋਰ ਧਰਮ ਕਰਮ ਵੀ ਕਿਸੇ ਦੁਨਿਆਵੀ ਪ੍ਰਾਪਤੀ ਲਈ ਕਰਦਾ ਹੈ। ਪ੍ਰੇਮ/ਸੇਵਾ ਦਾ ਬਦਲਾ ਮੰਗਣਾਂ, ਵਪਾਰ ਹੈ, ਬੰਦਗੀ ਜਾਂ ਸੇਵਾ ਨਹੀਂ। ਕਿਸੇ ਕਿਸਮ ਦੀ ਪ੍ਰਾਪਤੀ ਦੀ ਭਾਵਨਾ ਰਖ ਕੇ ਭਗਤੀ/ਸੇਵਾ ਕਰਣ ਵਾਲਾ ਵਪਾਰੀ ਹੈ, ਸੇਵਕ ਨਹੀਂ। ਇਥੋਂ ਤਕ ਕਿ ਉਹ ਰਾਜ ਅਤੇ ਮੁਕਤੀ ਦੀ ਕਾਮਨਾ ਵੀ ਨਹੀਂ ਕਰਦਾ – 'ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।।' ਉਹ ਤਾਂ ਬਸ, ਗੁਰੂ ਦੇ ਚਰਣ ਕਮਲਾਂ ਦੀ ਪ੍ਰੀਤ ਹੀ ਲੋਚਦਾ ਹੈ। ਅਜਿਹੇ ਭਗਤ/ਸੇਵਕ ਨੂੰ, ਮਹਾਰਾਜ ਨੇ '**ਕੋਟਿ ਮਧੇ ਕੋ ਵਿਰਲਾ ਸੇਵਕੁ**' ਕਿਹਾ ਹੈ, ਅਤੇ ਬਾਕੀ ਵਪਾਰੀ। ਅਜਿਹਾ ਸੇਵਕ ਤਾਂ ਕਰੋੜਾਂ ਭਗਤੀ ਕਰਣ ਵਾਲਿਆਂ ਵਿਚੋਂ ਵੀ ਕੋਈ ਵਿਰਲਾ ਹੀ ਹੁੰਦਾ ਹੈ। ਗੁਰੂ ਅਜਿਹੇ ਭਗਤ ਨੂੰ ਹੀ ਲਭਦਾ ਹੈ ਜਿਸ ਲਈ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਹਿ ਦਿਤਾ ਕਿ ਮੈਂ ਤਾਂ ਗੁਰਮੁਖਿ ਦੀ ਤਲਾਸ਼ ਵਿਚ ਉਦਾਸੀ ਭੇਖ ਧਾਰਣ ਕੀਤਾ ਹੈ – 'ਗੁਰਮੁਖਿ ਖੋਜਤ ਭਏ ਉਦਾਸੀ।।', ਅੰਕ ੯੩੯.

**ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ  ਸਭ ਏਕਾ ਬਾਤ ਪੁਕਾਰੀ ॥**
**ਬਿਨੁ ਗੁਰ ਮੁਕਤਿ ਨ ਕੋਊ ਪਾਵੈ  ਮਨਿ ਵੇਖਹੁ ਕਰਿ ਬੀਚਾਰੀ ॥੨॥**

-- ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਅਸੀਂ ਸ਼ਾਸਤਰ, ਵੇਦ, ਸਿਮ੍ਰਿਤੀਆਂ ਆਦਿ ਸਾਰੇ ਧਰਮ ਗ੍ਰੰਥ (ਜਿਨ੍ਹਾਂ ਦਾ ਇਥੇ ਨਾਂ ਨਹੀਂ ਆਇਆ, ਉਹ ਵੀ) ਚੰਗੀ ਤਰ੍ਹਾਂ ਪੜ੍ਹ ਕੇ ਸੋਧ ਕੇ ਵੇਖ ਲਏ ਹਨ, ਉਹ ਸਾਰੇ ਕੂਕ ਕੂਕ ਕੇ ਇਹੀ ਗਲ ਦੋਹਰਾ ਕੇ ਕਹਿ ਰਹੇ ਹਨ :

-- ਬੇਸ਼ੱਕ ਤੁਸੀਂ ਵੀ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰ ਕੇ ਵੇਖ ਲਵੋ, ਕਦੇ ਕਿਸੇ ਨੇ ਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਕੀਤੀ।੨।

ਪਾਤਸ਼ਾਹ ਜ਼ੋਰ ਦੇ ਕੇ ਬਚਨ ਕਰਦੇ ਹਨ ਕਿ ਮਤਾਂ ਕੋਈ ਸੰਸਾਰ ਵਿਚ ਇਹ ਭੁਲੇਖਾ ਰਖ ਲਏ, ਧਿਆਨ ਨਾਲ ਪੱਲੇ ਬੰਨ੍ਹ ਲਉ ਕਿ ਗੁਰੂ ਤੋਂ ਬਿਨਾਂ ਇਸ ਭਵਜਲ ਸੰਸਾਰ ਸਾਗਰ ਤੋਂ ਕੋਈ ਵੀ ਪਾਰ ਨਹੀਂ ਹੋ ਸਕਦਾ - 'ਮਤ ਕੋ ਭਰਮਿ ਭੁਲੈ ਸੰਸਾਰਿ।। ਗੁਰ ਬਿਨੁ ਕੋਇ ਨ ਉਤਰਸਿ ਪਾਰਿ।।', ਅੰਕ ੮੬੪. ਕਾਰਣ ਇਹ ਹੈ ਕੀ ਗੁਰੂ ਨੇ ਨਾਮ ਜਪਾ ਕੇ, ਬਖ਼ਸ਼ਿਸ਼ ਕਰਕੇ ਭਵਜਲ ਸੰਸਾਰ ਸਾਗਰ ਤੋਂ ਪਾਰ ਕਰ ਦੇਣਾ ਹੁੰਦਾ ਹੈ। ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਗੁਰੂ ਤੋਂ ਬਿਨਾਂ ਹੋਰ ਕੋਈ ਪੂਜਣ ਜੋਗ ਨਹੀਂ। ਜਿਸ ਦੇ ਮਸਤਕ ਤੇ, ਭਾਗਾਂ ਵਿਚ ਲਿਖਿਆ ਹੋਵੇ, ਉਸੇ ਨੂੰ ਹੀ ਗੁਰੂ ਦੀ ਸੇਵਾ ਪ੍ਰਾਪਤ ਹੁੰਦੀ ਹੈ - 'ਗੁਰ ਜੈਸਾ  ਨਾਹੀ ਕੋ ਦੇਵ।। ਜਿਸੁ ਮਸਤਕਿ ਭਾਗੁ  ਸੁ ਲਾਗਾ ਸੇਵ।।', ਅੰਕ ੧੧੪੨. ਅਗੋਂ ਫ਼ੁਰਮਾਣ ਕਰਦੇ ਹਨ ਕਿ ਮੈਂ ਸਾਰੀਆਂ ਸਿਮ੍ਰਿਤੀਆਂ ਅਤੇ ਵੇਦ ਆਦਿਕ ਧਰਮ ਗ੍ਰੰਥ, ਸੋਧ ਸੋਧ ਕੇ, ਚੱਜ ਨਾਲ ਵਾਚ ਕੇ ਵੇਖ ਲਏ ਹਨ। ਸਾਰੇ ਇਕ ਮਤ ਹਨ ਕਿ ਪਾਰਬ੍ਰਹਮ ਅਤੇ ਗੁਰੂ ਵਿਚ ਕੋਈ ਭੇਦ ਨਹੀਂ - 'ਨਾਨਕ ਸੋਧੇ ਸਿਮ੍ਰਿਤਿ ਬੇਦ।। ਪਾਰਬ੍ਰਹਮ ਗੁਰ  ਨਾਹੀ ਭੇਦ।।' ਗੁਰੂ ਸਾਹਿਬਾਨ ਨੂੰ ਪਾਰਬ੍ਰਹਮ ਰੂਪ ਸਮਝੇ ਬਿਨਾਂ, ਪਾਰ ਉਤਾਰਾ ਕਦੇ ਨਹੀਂ ਹੋਣਾ। ਗੁਰਬਾਣੀ ਦਾ ਸਪੱਸ਼ਟ ਫ਼ੁਰਮਾਣ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ, ਸਾਰੇ ਜਗਤ ਵਿਚ ਗੁਰ ਪਾਰਬ੍ਰਹਮ ਕਰ ਕੇ ਮਨੁਖ ਰੂਪ ਵਿਚ ਪ੍ਰਗਟ ਹੋਏ - 'ਪ੍ਰਗਟੁ ਸਗਲ ਹਰਿ ਭਵਨ ਮਹਿ  ਜਨੁ ਨਾਨਕੁ ਗੁਰੁ ਪਾਰਬ੍ਰਹਮ।।', ਅੰਕ ੧੩੮੭.

**ਅਠਸਠਿ ਮਜਨੁ ਕਰਿ ਇਸਨਾਨਾ  ਭ੍ਰਮਿ ਆਏ ਧਰ ਸਾਰੀ ॥**
**ਅਨਿਕ ਸੋਚ ਕਰਹਿ ਦਿਨ ਰਾਤੀ  ਬਿਨੁ ਸਤਿਗੁਰ ਅੰਧਿਆਰੀ ॥੩॥**

-- ਬੇਸ਼ੱਕ ਮਨੁਖ ਇਸ ਸਾਰੀ ਧਰਤੀ ਦਾ ਭ੍ਰਮਣ ਕਰ ਕੇ, ਅਠਾਹਠ ਤੀਰਥਾਂ ਦਾ ਇਸ਼ਨਾਨ ਵੀ ਕਿਉਂ ਨਾ ਕਰ ਆਵੇ ਅਤੇ

ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਤੀਰਥ ਨਾਲ, ਵਰਤ, ਸੁੱਚ, ਸੰਜਮ ਨਾਲ, ਹੋਰ ਧਰਮ ਕਰਮਾਂ ਜਾਂ ਪੂਜਾ ਨਾਲ ਨਿਸਤਾਰਾ ਨਹੀਂ ਹੁੰਦਾ। ਇਹ ਤਾਂ, ਮਾਇਆ ਮੋਹ ਛਡ ਕੇ ਪ੍ਰੇਮਾ ਭਗਤੀ ਨਾਲ ਹੀ ਪ੍ਰਾਪਤੀ ਹੁੰਦੀ ਹੈ - 'ਤੀਰਥ ਵਰਤ ਸੁਚਿ ਸੰਜਮੁ ਨਾਹੀ  ਕਰਮੁ ਧਰਮੁ ਨਹੀ ਪੂਜਾ।। ਨਾਨਕ  ਭਾਇ ਭਗਤਿ ਨਿਸਤਾਰਾ  ਦੁਬਿਧਾ ਵਿਆਪੈ ਦੂਜਾ।।', ਅੰਕ ੭੫.

-- ਹੋਰ ਵੀ ਦਿਨ ਰਾਤ ਅਨੇਕ ਤਰ੍ਹਾਂ ਦੀਆਂ ਸੁਚੱਮਤਾਵਾਂ ਕਰਦਾ ਫ਼ਿਰੇ, ਸਚੇ ਗੁਰੂ ਤੋਂ ਬਿਨਾਂ ਅਗਿਆਨਤਾ ਦਾ ਘੁਪ ਹਨੇਰਾ ਹੀ ਹੈ ਅਤੇ ਇਸ ਮਨੁਖਾ ਜਨਮ ਦੀ ਬਾਜ਼ੀ ਹਾਰ ਕੇ ਹੀ ਜਾਏਗਾ।੩।

ਸ੍ਰੀ ਗੁਰੂ ਅਰਜਨ ਸਾਹਿਬ ਸਪੱਸ਼ਟ ਕਰਦੇ ਹਨ ਕਿ ਜਦੋਂ ਪ੍ਰਭੂ ਦੇ ਜਨ ਦੀ, ਭਗਤ ਦੀ ਚਰਣ ਧੂੜ ਸਾਡੇ ਮਸਤਕ ਤੇ ਲਗਦੀ ਹੈ ਤਾਂ ਅਨੇਕਾਂ ਤੀਰਥਾਂ ਵਾਲੀ ਮੰਨੀ ਜਾਂਦੀ ਸੁਚੱਮਤਾ

ਪ੍ਰਾਪਤ ਹੋ ਜਾਂਦੀ ਹੈ – 'ਰੇਨੁ ਜਨ ਕੀ ਲਗੀ ਮਸਤਕਿ ਅਨਿਕ ਤੀਰਥ ਸੁਚੈ।।' ਅੰਕ ੧੧੨੨. ਪਾਤਸ਼ਾਹ ਫੁਰਮਾਣ ਕਰ ਰਹੇ ਹਨ ਕਿ ਅਸਲ ਅਠਾਹਠ ਤੀਰਥਾਂ ਦਾ ਇਸ਼ਨਾਨ ਤਾਂ ਉਸ ਨੇ ਕਰ ਲਿਆ, ਜਿਸ ਨੇ ਸਾਧੂ ਦੇ ਚਰਨਾਂ ਦੀ ਧੂੜ ਦਾ ਇਸ਼ਨਾਨ ਕੀਤਾ, ਕਿਉਂਕਿ ਸਾਧੂ ਦੀ ਸੰਗਤ ਵਿਚ ਮਨੁਖ ਬੈਠਦਿਆਂ ਵਾਹਗੁਰੂ ਵਾਹਗੁਰੂ..., ਸੌਂਦਿਆ ਹਰ ਵਕਤ ਵਾਹਗੁਰੂ ਵਾਹਗੁਰੂ ਵਾਹਗੁਰੂ.... ਸਿਮਰਣ ਰੂਪੀ ਨਾਮ ਰਸ ਦਾ ਭੋਜਨ ਖਾਂਦਾ ਹੈ – 'ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨੁ ਖਾਤਾ।। ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ।।', ਅੰਕ ੫੩੨. ਗੁਰੂ ਸਾਹਿਬ ਨੇ 'ਹਰਿ ਹਰਿ' ਸ਼ਬਦ ਦਾ ਵਾਰ ਵਾਰ ਪ੍ਰਯੋਗ ਕਰ ਕੇ ਸਿਮਰਨ ਦੀ ਵਿਧੀ ਦਸੀ ਹੈ ਕਿ ਇਹ ਗੁਰਮੰਤਰ ਦਾ ਜਾਪ ਕਰ ਕੇ ਕੀਤਾ ਜਾਂਦਾ ਹੈ। ਹੋਰ ਫੁਰਮਾਣ ਕਰਦੇ ਹਨ ਕਿ ਕਰੋੜਾਂ ਤੀਰਥਾਂ ਦੇ ਇਸ਼ਨਾਨ ਕਰਣ ਨਾਲ ਵੀ ਮੈਲ ਹੀ ਭਰਦੀ ਹੈ। ਜੋ ਸਾਧੂ ਦੀ ਸੰਗਤਿ ਕਰਦਿਆਂ ਹੋਇਆਂ, ਵਾਹਗੁਰੂ ਦਾ ਸਿਮਰਣ ਕਰਦੇ ਹਨ, ਉਹ ਹੀ ਮੈਲ ਰਹਿਤ ਕਰ ਲਏ ਜਾਂਦੇ ਹਨ – 'ਕੋਟਿ ਤੀਰਥ ਮਜਨ ਇਸਨਾਨਾ ਇਸ ਕਲਿ ਮਹਿ ਮੈਲਿ ਭਰੀਜੈ।। ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ।।', ਅੰਕ ੭੪੭.

**ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥**
**ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥**

– – ਮੈਂ ਆਪਣੀ ਮਰਜ਼ੀ ਕਰ ਕੇ, ਸਾਰਾ ਜਗ ਬਹੁਤ ਭਟਕ ਭਟਕ ਕੇ ਵੇਖ ਲਿਆ, ਹਾਰ ਕੇ, ਹੇ ਹਰਿ ਸੁਆਮੀ ਜੀ ! ਹੁਣ ਅਖੀਰ ਮੈਂ ਤੇਰੇ ਦੁਆਰੇ ਤੇ, ਤੇਰੀ ਸ਼ਰਣ ਵਿਚ ਆ ਡਿਗਾ ਹਾਂ।

– – ਅਖੀਰ ਜਦੋਂ ਮੈਂ ਧਕੇ ਖਾ ਕੇ, ਗੁਰੂ ਅਨੁਸਾਰੀ ਹੋਇਆ ਤਾਂ ਗੁਰੂ ਨੇ ਮੇਰੀ ਛੋਟੀ, ਮਾੜੀ, ਖੋਟੀ ਮਤ ਮਿਟਾ ਕੇ ਮੈਨੂੰ ਅਕਲ ਦਿਤੀ ਜਿਸ ਨਾਲ ਮੈਨੂੰ ਗਿਆਨ ਰੂਪੀ ਚਾਨਣ ਬਖਸ਼ਿਆ ਤੇ ਗੁਰੂ ਅਨੁਸਾਰੀ ਹੋਣ ਕਰ ਕੇ ਮੈਂ ਭਵਜਲ ਸੰਸਾਰ ਸਾਗਰ ਤੋਂ ਤਰ ਸਕਿਆ।੪।੧।੨।

ਪੰਜਵੇਂ ਪਾਤਸ਼ਾਹ ਦੇ ਬਚਨ ਹਨ ਕਿ ਵੇਦ ਆਦਿਕ ਧਰਮ ਗ੍ਰੰਥਾਂ ਦੇ ਪਾਠ, ਅਤੇ ਵਿਚਾਰ, ਨਿਉਲੀ ਕਰਮ ਅਨੁਸਾਰ ਯੋਗ ਸਾਧਨਾ ਆਦਿ ਨਾਲ ਪਰ ਪੰਜ ਵਿਕਾਰਾਂ ਰੂਪੀ ਚੋਰਾਂ ਤੋਂ ਖਹਿੜਾ ਨਹੀਂ ਛੁਟਦਾ, ਸਗੋਂ ਹਉਮੈ ਹੀ ਵਧਦੀ ਗਈ ਅਤੇ ਗਲ ਫ਼ਾਹੀ ਪੈਂਦੀ ਰਹੀ – 'ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ।। ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ।।' ਪਾਤਸ਼ਾਹ ਪੁਚਕਾਰ ਕੇ ਸਮਝਾਉਂਦੇ ਹਨ ਕਿ ਇਨ੍ਹਾਂ ਜਤਨਾਂ ਨਾਲ ਪ੍ਰਭੂ ਨੂੰ ਨਹੀਂ ਮਿਲਿਆ ਜਾ ਸਕਦਾ। ਅਖੀਰ ਹਾਰ ਕੇ ਮੈਂ ਗੁਰੂ ਦੇ ਦੁਆਰੇ ਤੇ ਆ ਡਿਗਾ ਹਾਂ ਅਤੇ ਜੋਦੜੀ ਹੈ ਕਿ ਮੈਨੂੰ ਵਿਵੇਕ ਬੁਧੀ ਬਖ਼ਸ਼ੋ। – 'ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ।। ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ।।'

ਅਖੀਰ ਤੇ ਵਿਵੇਕ ਬੁਧੀ ਇਹ ਮਿਲੀ ਕਿ ਸਾਧੂ ਦੀ ਸੰਗਤਿ ਕਰਦੇ ਕਰਦੇ ਸਿਮਰਣ ਕਰਨਾ ਹੀ, ਸਾਰਿਆਂ ਕਰਮਾਂ ਤੋਂ ਉਪਰ ਦਾ ਕਰਮ ਹੈ ਜੋ ਪੂਰਬਲੇ ਭਾਗਾਂ ਨਾਲ ਮਿਲਦਾ ਹੈ – 'ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ।। ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ।।', ਅੰਕ ੬੪੧.